R.N.I. No.: PUNENG/2014/59759 ISSN: 2348-9936

# ਸ੍ਰੀ ਗੁਰੂ ਤੇਗ਼ ਬਹਾਦਰ : ਜੀਵਨ ਅਤੇ ਸ਼ਹਾਦਤ

ਡਾ. ਦਲਜੀਤ ਸਿੰਘ*

**ਸਾਰ**

ਪ੍ਰੇਮ-ਭਗਤੀ ਦੇ ਪੁੰਜ, ਦੇਗ ਤੇਗ਼ ਅਤੇ ਤਿਆਗ ਦੀ ਮੂਰਤ, ਧਰਮ ਰੱਖਿਅਕ, ਸ਼ਾਂਤੀ ਦੇ ਪ੍ਰਤੀਕ, ਪਰਉਪਕਾਰੀ 'ਤੇ ਅਦੁੱਤੀ ਸ਼ਹੀਦ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਸਮਾਜ ਅਤੇ ਸੰਸਾਰ ਨੂੰ ਇੱਕ ਸੇਧ ਦੇਣ ਵਾਲਾ ਹੈ। ਜਦੋਂ ਕਿ ਅੱਜ ਮਨੁੱਖ ਦੁਨਿਆਵੀ ਪਦਾਰਥਾਂ ਦੀ ਦੌੜ ਵਿੱਚ ਨਾਮ-ਸਿਮਰਣ, ਸੇਵਾ-ਭਾਵਨਾ, ਸਹਿਣਸ਼ੀਲਤਾ, ਅਢੋਲਤਾ, ਮਿਠਾਸ ਨੂੰ ਭੁੱਲ ਕੇ ਵਿਨਾਸ਼ ਅਤੇ ਵਿਕਾਰਾਂ ਦੇ ਰਸਤੇ ਉੱਪਰ ਚਲਦਾ ਹੋਇਆ ਅਸਹਿਣਸ਼ੀਲ, ਬੇਦਰਦ, ਕਠੋਰਚਿੱਤ, ਝੂਠੇ ਰਹੁ-ਰੀਤਾਂ, ਅਡੰਬਰਾਂ ਅਤੇ ਪਸਾਰੇ ਦਾ ਸ਼ਿਕਾਰ ਹੋ ਗਿਆ ਹੈ। ਗੁਰੂ ਸਾਹਿਬ ਦੇ ਜੀਵਨ ਫਲਸਫੇ ਅਤੇ ਬਾਣੀ ਵਿੱਚ ਭਗਤੀ ਭਾਵ ਦੇ ਨਾਲ ਵਿਰਾਗ ਤੇ ਤਿਆਗ ਦੀ ਵਿਸ਼ੇਸ਼ ਮਹੱਤਤਾ ਹੈ। ਉਨ੍ਹਾਂ ਨੇ ਬੜੇ ਮਿੱਠੇ ਤੇ ਭਾਵਪੂਰਕ ਸ਼ਬਦਾਂ ਰਾਹੀਂ ਮਨੁੱਖੀ ਜੀਵਨ ਤੇ ਸੰਸਾਰ ਦੀ ਵਾਸਵਿਕਤਾ ਨੂੰ ਪੇਸ਼ ਕੀਤਾ ਹੈ। ਗੁਰੂ ਸਾਹਿਬ ਦੇ ਸਮਕਾਲੀ ਮੁਗਲ ਹਕੁਮਰਾਨਾਂ ਨੇ ਨਿਮਾਣੇ ਲੋਕਾਂ ਨੂੰ ਡਰਾ ਕੇ ਰੱਖਿਆ ਹੋਇਆ ਸੀ ਅਤੇ ਕੋਈ ਵੀ ਇਸ ਵਿਰੁੱਧ ਆਵਾਜ਼ ਚੁੱਕਣ ਦੀ ਹਿੰਮਤ ਨਹੀਂ ਕਰ ਰਿਹਾ ਸੀ। ਅਜਿਹੇ ਸਮੇਂ ਵਿੱਚ ਗੁਰੂ ਸਾਹਿਬ ਨੇ ਹਿੰਸਾ ਦਾ ਮੁਕਾਬਲਾ ਅਹਿੰਸਾ ਅਤੇ ਹਲੀਮੀ ਨਾਲ ਸਫਲਤਾ ਪੂਰਵਕ ਕੀਤਾ। ਨਿਰਭੈ ਅਤੇ ਨਿਰਵੈਰ ਦਾ ਸੰਕਲਪ ਵੀ ਦਿੱਤਾ। ਜਦੋਂ ਸੱਤਾਧਾਰੀ ਹਿੰਸਕ ਹੋਵੇ ਉਸ ਦੌਰ ਵਿੱਚ ਨਿਰਭਉ ਦਾ ਸੰਕਲਪ ਨਸਲੀ ਵਿਤਕਰੇ, ਧਾਰਮਿਕ ਅਸਹਿਣਸ਼ੀਲਤਾ ਅਤੇ ਕੱਟੜਤਾ ਦਾ ਇੱਕ ਬਦਲਾਅ ਸੀ। ਮੁਗਲ ਹਕੁਮਰਾਨ ਔਰੰਗਜ਼ੇਬ ਭਾਰਤ ਨੂੰ ਇੱਕ ਰੂਪ ਸਮਾਜਿਕ ਵਿਵਸਥਾ *(Unitary Type Society)* ਬਣਾਉਣ ਚਾਹੁੰਦਾ ਸੀ ਜਦੋਂ ਕਿ ਭਾਰਤ ਵਿੱਚ ਬਹੁ-ਵਿਧੀ ਸਮਾਜਿਕ ਸੱਭਿਆਚਾਰ ਵਿਵਸਥਾ *(Pluralistic Character of Society)* ਪ੍ਰਚੱਲਿਤ ਸੀ। ਇਸ ਸਮੇਂ ਗੁਰੂ ਸਾਹਿਬ ਦਾ ਫੈਸਲਾ ਬੇਸ਼ੱਕ ਹਿੰਦੂ ਧਰਮ ਦੇ ਬਚਾਅ ਲਈ ਸੀ ਪਰ ਇਸ ਦਾ ਸਬੰਧ ਸਾਰੀ ਗੈਰ-ਮੁਸਲਿਮ ਪਰਜਾ ਦੀ ਧਾਰਮਿਕ ਆਜ਼ਾਦੀ ਤੇ ਮਾਨਵੀ ਅਧਿਕਾਰਾਂ ਨਾਲ ਵੀ ਜੁੜਿਆ ਹੋਇਆ ਸੀ। ਗੁਰੂ ਸਾਹਿਬ ਦੀ ਸ਼ਹਾਦਤ ਨੇ ਜਿੱਥੇ ਸਮਾਨਤਾ, ਸੁਤੰਤਰਤਾ, ਭਾਈਚਾਰਕ ਸਾਂਝ ਭਾਵ ਸਾਂਝੀਵਾਲਤਾ ਦੀ ਅਦੁੱਤੀ ਉਦਾਹਰਣ ਦਿੱਤੀ। ਉਥੇ ਉਨ੍ਹਾਂ ਨੇ ਭਾਰਤੀ ਸੱਭਿਆਚਾਰਕ ਦੀ ਵੰਨ-ਸੁਵੰਨਤਾ *(Cultural Diversity)* ਨੂੰ ਬਚਾਇਆ ਅਤੇ ਆਪਣੀਆਂ ਯਾਤਰਾਵਾਂ ਦੌਰਾਨ ਇੱਕ ਚੰਗੀ ਜੀਵਨ ਜਾਚ ਦੀ ਸਿੱਖਿਆ ਦਿੱਤੀ।

**ਮੁੱਖ ਸ਼ਬਦ—** ਸੁਤੰਤਰਤਾ, ਸਮਾਨਤਾ, ਸਾਂਝੀਵਾਲਤਾ, ਧਾਰਮਿਕ ਕੱਟੜਤਾ

ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ਼ ਬਹਾਦਰ ਇਤਿਹਾਸ ਦੀਆਂ ਉਨ੍ਹਾਂ ਲਾਜਵਾਬ ਅਤੇ ਲਾਸਾਨੀ ਹਸਤੀਆਂ ਵਿਚੋਂ ਹਨ, ਜਿਨਾਂ ਨੇ ਸਮੇ ਂ-ਸਮੇਂ 'ਤੇ ਸਮੁੱਚੀ ਇਨਸਾਨੀਅਤ ਨੂੰ ਸਿਦਕ, ਯਕੀਨ, ਸਚਿਆਰਤਾ, ਸਾਂਝੀਵਾਲਤਾ ਅਤੇ ਅਡੋਲ ਦ੍ਰਿੜ੍ਹਤਾ ਦੇ ਮਾਰਗ 'ਤੇ ਚੱਲਣ ਦੀ ਪ੍ਰੇ ਰਨਾ ਦਿੱਤੀ ਹੈ। ਜਦੋਂ ਕਿ ਇਸ ਸਮੇਂ ਭਾਵ ਮਧਕਾਲੀਨ ਕਾਲ ਵਿੱਚ ਹਰ ਪਾਸੇ ਮਜ਼ਹਬੀ ਤਅੱਸਬ, ਪ੍ਰਸ਼ਾਸਨੀਕ ਅਤਿਆਚਾਰ, ਧਾਰਮਿਕ ਅੰਧ-ਵਿਸ਼ਵਾਸ ਕਾਰਨ ਸਮਾਜ ਵਿੱਚ ਅਸਥਿਰਤਾ, ਆਪੋ-ਧਾਪੀ, ਅਸਹਿਣਸ਼ੀਲਤਾ ਦਾ ਵਾਤਾਵਰਣ ਪੈਦਾ ਹੋ ਗਿਆ ਸੀ। ਜੀਵਨ ਦੀਆਂ ਮੂਲ ਸੱਚਾਈਆਂ, ਜੀਵਨ-ਜਾਂਚ, ਕਦਰਾਂ-ਕੀਮਤਾਂ ਅਲੋਪ ਹੋ ਗਈਆਂ ਸਨ ਜਿਨ੍ਹਾਂ ਦਾ ਮਾਨਵੀ ਜੀਵਨ ਅਤੇ ਭਰਾਤਰੀ ਭਾਵ ਲਈ ਵਿਸ਼ੇਸ਼ ਮਹੱਤਵ ਹੈ। ਅਜਿਹੇ ਅੰਧਕਾਰ ਰੂਪੀ ਸਮੇਂ ਵਿੱਚ ਗੁਰੂ ਸਾਹਿਬ ਨੇ ਨਿਰਬਲ, ਅਸਹਿ, ਲਿਤਾੜੇ ਹੋਏ ਵਰਗ ਵਿੱਚ ਉਚੇਰੀ ਜੀਵਨ ਜਾਂਚ, ਉਪਦੇਸ਼ ਅਤੇ ਅਮਲੀ ਅਗਵਾਈ ਦੁਆਰਾ ਇਖਲਾਕੀ ਮਾਰਗ 'ਤੇ ਚੱਲਣ ਦਾ ਚਾਓ ਪੈਦਾ ਕੀਤਾ ਅਤੇ ਨਿਰਭੈ ਦਾ ਸੰਕਲਪ ਦਿੱਤਾ।

"ਭੈਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ"॥[1]

ਗੁਰੂ ਸਾਹਿਬ ਨੇ ਇਸ ਸ਼ਬਦ ਰਾਹੀਂ ਮਨੁੱਖ ਨੂੰ ਸਮਝਾਇਆ ਕਿ ਨਾ ਤਾਂ ਕਿਸੇ ਨੂੰ ਡਰਾਓ ਅਤੇ ਨਾ ਹੀ ਕਿਸੇ ਤੋਂ ਡਰੋ। ਭੈ ਮੰਨਣਾ ਆਪਣੀ ਕਮਜ਼ੋਰੀ ਅਤੇ ਢਹਿੰਦੀ ਕਲਾ ਦੇ ਚਿੰਨ੍ਹ ਹਨ ਅਤੇ ਭੈ ਦੇ ਣਾ ਆਪਣੇ ਬੱਲ ਦੇ ਨਾਜਾਇਜ਼ ਪ੍ਰਯੋਗ ਅਤੇ ਧੱਕੇ ਦੀ ਨਿਸ਼ਾਨੀ ਹੈ। ਇਹ ਦੋਵੇਂ ਹਾਲਾਤ ਪ੍ਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਸੰਕੇਤ ਦਿੰਦੇ ਹਨ, ਕਿਉਂਕਿ ਆਪਣੇ ਬਲ ਦੀ ਨਾਜਾਇਜ਼ ਵਰਤੋਂ ਕਰਨ ਵਾਲਾ ਅਕਾਲ ਪੁਰਖ ਦੀ ਸ਼ਕਤੀ ਜੋ ਕਿ ਕਿਸੇ ਨੂੰ ਵੀ ਇਕ ਪਲ ਵਿੱਚ ਨਾਸ਼ ਕਰ ਸਕਦੀ ਹੈ, ਨੂੰ ਭੁੱਲ ਦੇ ਦੂਸਰੇ ਉੱਪਰ ਜਬਰ ਕਰਦਾ ਹੈ। ਇਸੇ ਤਰ੍ਹਾਂ ਡਰਨ ਵਾਲਾ ਵੀ ਇਹ ਭੁੱਲ ਜਾਂਦਾ ਹੈ ਕੋਈ ਹਸਤੀ ਡਰਾਉਣ ਵਾਲੇ ਤੋਂ ਵੀ ਵਧੇਰੇ ਸ਼ਕਤੀਸ਼ਾਲੀ ਹੈ ਜੋ ਉਸ ਦੀ ਰੱਖਿਆ ਕਰਨ ਦੇ ਸਮਰੱਥ ਹੈ

"ਬਲੁ ਹੋਆ ਬੰਧਨ ਛੁਟੈ ਸਭ ਕਿਛੁ ਹੋਤ ਉਪਾਇ"॥[2]

ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈ. ਨੂੰ

* ਮੁਖੀ, ਪੰਜਾਬ ਇਤਿਹਾਸ ਅਧਿਐਨ ਵਿਭਾਗ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਰਾਸ਼ਟਰੀ ਏਕਤਾ ਚੇਅਰ ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪਿਤਾ ਗੁਰੂ ਹਰਗੋਬਿੰਦ ਤੇ ਮਾਤਾ ਨਾਨਕੀ ਜੀ ਦੀ ਕੁੱਖੋਂ, ਅੰਮ੍ਰਿਤਸਰ ਵਿਖੇ ਹੋਇਆ। ਆਪ ਪਰਿਵਾਰ ਵਿੱਚ ਸਭ ਤੋਂ ਛੋਟੇ ਸੀ। ਬਚਪਨ ਵਿੱਚ ਹੀ ਵਿੱਦਿਆ ਅਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਸੇਵਾ ਛੋਹ ਵੀ ਉਨ੍ਹਾਂ ਨੂੰ ਪ੍ਰਾਪਤ ਸੀ। ਬਚਪਨ ਤੋਂ ਹੀ ਆਪ ਦੀ ਬਿਰਤੀ ਗੰਭੀਰਤਾ ਅਤੇ ਤਿਆਗ ਵਾਲੀ ਸੀ। ਆਪ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ ਪਰੰਤੂ ਕਰਤਾਰਪੁਰ ਦੀ ਲੜਾਈ ਵਿੱਚ ਆਪ ਨੇ ਤਲਵਾਰ ਦੇ ਅਜਿਹੇ ਜੋਹਰ ਦਿਖਾਏ ਜਿਸ ਤੋਂ ਪ੍ਰਭਾਵਿਤ ਹੋ ਕੇ ਆਪ ਦੇ ਪਿਤਾ ਛੇਵੇਂ ਸਿੱਖ ਗੁਰੂ, ਗੁਰੂ ਹਰਗੋਬਿੰਦ ਜੀ ਨੇ ਆਪ ਦਾ ਨਾਮ ਤੇਗ਼ ਬਹਾਦਰ ਰੱਖ ਦਿੱਤਾ।

ਗੁਰੂ ਹਰਗੋਬਿੰਦ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਪਦ ਬਾਬਾ ਗੁਰਦਿੱਤਾ ਜੀ ਦੇ ਪੁੱਤਰ ਹਰਿ ਰਾਇ ਜੀ ਨੂੰ ਦਿੱਤਾ ਅਤੇ ਆਪ ਨੂੰ ਮਾਤਾ ਨਾਨਕੀ ਅਤੇ ਗੁਜਰੀ ਜੀ ਨਾਲ ਬਾਬਾ ਬਕਾਲੇ ਭੇਜ ਦਿੱਤਾ। ਬਕਾਲੇ ਵਿਖੇ ਆਪ ਨੇ ਆਪਣਾ ਜ਼ਿਆਦਾ ਸਮਾਂ ਪਰਮਾਤਮਾ ਦੀ ਭਗਤੀ ਵਿੱਚ ਬਤੀਤ ਕੀਤਾ ਅਤੇ ਕਿਉਂ ਕਿ ਗੁਰਗੱਦੀ ਦੀ ਪ੍ਰਾਪਤੀ ਤੋਂ ਬਾਅਦ ਆਪ ਦਾ ਜ਼ਿਆਦਾ ਸਮਾਂ ਯਾਤਰਾਵਾਂ ਵਿੱਚ ਬਤੀਤ ਹੋਇਆ। ਇਸ ਲਈ ਸੰਭਵ ਹੈ ਕਿ ਇਸ ਸਮੇਂ ਆਪ ਦੁਆਰਾ ਬਾਣੀ ਵੀ ਰਚੀ ਗਈ ਹੋਵੇ ਅਤੇ ਇਹ ਵੀ ਸੰਭਵ ਨਹੀਂ ਕਿ ਉਹ ਲਗਭਗ 20 ਸਾਲ ਸਿੱਖ ਧਰਮ ਦੀ ਗਤੀਵਿਧੀਆਂ ਤੋਂ ਅਣਜਾਣ ਰਹੇ ਹੋਣ। ਬਕਾਲੇ ਦੇ ਇਕਾਂਤ ਭੋਰੇ ਵਿੱਚ ਬੈਠ ਕੇ ਪ੍ਰਭੂ ਭਗਤੀ ਨੇ ਜਿੱਥੇ ਉਨ੍ਹਾਂ ਨੂੰ ਮਾਨਸਿਕ ਤੌਰ ’ਤੇ ਬਲ ਪ੍ਰਦਾਨ ਕੀਤਾ ਉੱਥੇ ਉਨ੍ਹਾਂ ਨੇ ਆਪਣੇ-ਆਪ ਨੂੰ ਗੁਰਗੱਦੀ ਸੰਭਾਲਣ ਉਪਰੰਤ ਆਉਣ ਵਾਲੀਆਂ ਔਂਕੜਾਂ ਦਾ ਸਾਹਮਣਾ ਕਰਨ ਲਈ ਵੀ ਤਿਆਰ ਕੀਤਾ। ਗੁਰੂ ਸਾਹਿਬ ਨੇ ਗੁਰੂ-ਪੱਦ ਦੀ ਪ੍ਰਾਪਤੀ ਲਈ ਨਾ ਤਾਂ ਸੋਢੀਆਂ ਜਾਂ ਧੀਰ ਮੱਲੀਆਂ ਵਾਂਗ ਲੋਭ ਜਾਂ ਲਾਲਚ ਸੀ ਅਤੇ ਨਾ ਹੀ ਮੋਹ। ਇਸੇ ਕਰਕੇ ਜਦੋਂ ਗੁਰੂ ਹਰਗੋਬਿੰਦ ਜੀ ਅਤੇ ਗੁਰੂ ਹਰਿ ਰਾਇ ਜੀ ਨੇ ਜਦੋਂ ਉਨ੍ਹਾਂ ਨੂੰ ਗੁਰ-ਗੱਦੀ ਨਹੀਂ ਦਿੱਤੀ ਤਾਂ ਉਨ੍ਹਾਂ ਨੇ ਕਿਸੇ ਪ੍ਰਕਾਰ ਦਾ ਰੋਸ ਪ੍ਰਗਟਾਵਾ ਨਹੀਂ ਕੀਤਾ। 1664 ਈ. ਵਿੱਚ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਿੱਖ ਧਰਮ ਦੇ ਅਗਲੇ ਗੁਰੂ ‘ਬਾਬਾ ਬਕਾਲਾ’ ਕਹਿ ਕੇ ਸੰਕੇਤ ਦਿੱਤਾ ਤਾਂ ਇਹ ਸਪਸ਼ਟ ਸੀ ਕਿ ਅਗਲਾ ਗੁਰੂ ਬਾਬੇ ਦੇ ਰੂਪ ਵਿੱਚ ਬਕਾਲੇ ਵਿੱਚ ਹੈ। ਬਾਬੇ ਤੋਂ ਭਾਵ ਬਜ਼ੁਰਗ ਹੈ। ਗੁਰੂ ਤੇਗ਼ ਬਹਾਦਰ ਗੁਰੂ ਹਰਿਕ੍ਰਿਸ਼ਨ ਜੀ ਦੇ ਬਾਬਾ ਭਾਵ ਦਾਦਾ ਸਮਾਨ ਸਨ ਕਿਉਂਕਿ ਉਹ ਬਾਬਾ ਗੁਰਦਿੱਤਾ ਜੀ ਦੇ ਛੋਟੇ ਭਰਾ ਸਨ ਜੋ ਗੁਰੂ ਹਰਿਕ੍ਰਿਸ਼ਨ ਜੀ ਦੇ ਦਾਦਾ ਸਨ। ‘ਬਾਬਾ’ ਸ਼ਬਦ ਨੇ ਸਿੱਖ ਇਤਿਹਾਸ ਵਿੱਚ ਕਈ ਭੁਲੇਖੇ ਪਾਏ। ਜਿਸ ਕਾਰਨ ਬਕਾਲੇ ਵਿੱਚ ਲਗਭਗ 22 ਮੰਜੀਆਂ ਸਥਾਪਤ ਹੋਈਆਂ ਅਤੇ ਹਰੇਕ ਮੰਜੀਕਾਰ ਆਪਣੇ ਆਪ ਨੂੰ ਗੁਰੂ ਹੋਣ ਦਾ ਦਾ ਦਾਅਵਾ ਦੇਣ ਲੱਗਿਆ। ਇਹ ਸਾਰੇ ਦਾਅਵੇ ਝੂਠੇ ਸਾਬਤ ਹੋਏ ਅਤੇ ਮੱਖਣ ਸ਼ਾਹ ਲੁਬਾਣਾ ਨੇ ਅਸਲੀ ਗੁਰੂ ਨੂੰ ਪਹਿਚਾਣ ਕੇ ਸਿੱਖ ਸੰਗਤ ਨੂੰ ਗੁਰੂ ਸਾਹਿਬ ਦੇ ਦਰਸ਼ਨ ਕਰਵਾਏ।

ਗੁਰੂ ਤੇਗ਼ ਬਹਾਦਰ ਜੀ ਨੇ ਗੁਰੂ ਪੱਦ ਸੰਭਾਲਣ ਉਪਰੰਤ ਜਿਥੇ ਬੜੀ ਨਿਡਰਤਾ ਤੇ ਦ੍ਰਿੜਤਾ ਨਾਲ ਆਪਣਾ ਗੁਰੂ ਕਰਤੱਵ ਨਿਭਾਇਆ, ਉੱਥੇ ਸਿੱਖ ਧਰਮ ਦੀਆਂ ਬੁਨਿਆਦੀ ਨੀਹਾਂ ਤੇ ਸਿਖਰ ਨੂੰ ਪੱਕਾ ਤੇ ਸਪਸ਼ਟ ਕਰਨ ਵਿੱਚ ਅਦੁੱਤੀ ਯੋਗਦਾਨ ਪਾਇਆ। ਗੁਰੂ ਸਾਹਿਬ ਸਿੱਖ ਧਰਮ ਅਤੇ ਫਿਲਾਸਫੀ ਦੇ ਵਿਕਾਸ ਲਈ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਗਏ ਅਤੇ ਪੂਰਬੀ ਭਾਰਤ ਦਾ ਰਟਨ ਵੀ ਕੀਤਾ। ਇਸੇ ਸਮੇਂ ਆਪ ਵੱਖ-ਵੱਖ ਸਥਾਨਾਂ ਤੋਂ ਹੁੰਦੇ ਹੋਏ ਦਿੱਲੀ, ਮਥੁਰਾ, ਆਗਰਾ, ਫਤਹਿਪੁਰ, ਕਾਨਪੁਰ, ਪਰਾਗ, ਕਾਸ਼ੀ, ਬਨਾਰਸ, ਸਸਰਾਮ ਗਯਾ ਹੁੰਦੇ ਹੋਏ 1666 ਵਿੱਚ ਪਟਨਾ ਪਹੁੰਚੇ। ਇੱਥੇ ਪਰਿਵਾਰ ਨੂੰ ਛੱਡ ਕੇ ਮੁੰਘੇਰ ਤੋਂ ਹੁੰਦੇ ਹੋਏ ਭਾਗਲਪੁਰ, ਕੋਲਗਾਗ, ਕੰਤਨਗਰ ਮਾਲਦਾ ਹੁੰਦੇ ਹੋਏ ਢਾਕਾ ਪਹੁੰਚੇ। ਢਾਕਾ ਤੋਂ ਆਪ ਅਸਾਮ ਗਏ। ਅਸਾਮ ਤੋਂ ਗੁਰੂ ਸਾਹਿਬ ਮੁਗ਼ਲ ਸਮਰਾਟ ਦੁਆਰਾ ਪੰਜਾਬ ਵਿੱਚ ਹੋ ਰਹੀਆਂ ਵਧੀਕੀਆਂ ਕਾਰਨ ਪੰਜਾਬ ਵਿੱਚ ਪਰਤੇ। ਗੁਰੂ ਨਾਨਕ ਦੇਵ ਜੀ ਨੇ ਵੀ ਇਨ੍ਹਾਂ ਥਾਵਾਂ ਤੇ ਪਹਿਲਾਂ ਯਾਤਰਾਵਾਂ ਕੀਤੀਆਂ ਸਨ ਅਤੇ ਇਨ੍ਹਾਂ ਥਾਵਾਂ ’ਤੇ ਪਹਿਲਾਂ ਹੀ ਪੱਕੀ ਸੰਗਤ ਜੁੜੀ ਹੋਈ ਸੀ। ਇਸ ਸਾਰੇ ਰਟਨ ਦਾ ਉਦੇਸ਼ ਭਾਰਤੀਆਂ ਦੇ ਮਾਨਸਿਕ, ਧਾਰਮਿਕ, ਸਮਾਜਕ ਤੇ ਰਾਜਨੀਤਿਕ ਦਸ਼ਾ ਨੂੰ ਵੇਖਣਾ ਤੇ ਵਾਚਨਾ ਸੀ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਉਸ ਸਮੇਂ ਲੋਕਾਂ ਦਾ ਮਾਨਸਿਕ ਦਸ਼ਾ ਬਾਰੇ ਦਸਦੇ ਹਨ:

“ਸੁਖ ਕੇ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ”[3]

ਉਸ ਸਮੇਂ ਪਾਖੰਡ, ਝੂਠੇ ਰੀਤੀ ਰਿਵਾਜ਼, ਵਹਿਮ-ਭਰਮ ਦਾ ਬੋਲਬਾਲਾ ਸੀ। ਗੁਰੂ ਸਾਹਿਬ ਉਸ ਸਮੇਂ ਦੀ ਧਾਰਮਿਕ ਵਿਵਸਥਾ ਦਾ ਵਰਣਨ ਕਰਦੇ ਹੋਏ ਦਸਦੇ ਹਨ:

“ਨਾਨਕ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ
ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ।[4]

ਸਮਾਜਿਕ ਹਾਲਤਾਂ ਬਾਰੇ ਗੁਰੂ ਸਾਹਿਬ ਲਿਖਦੇ ਹਨ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈਗੁਮਾਨੁ
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ।”[5]

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਭਾਰਤ ਵਿੱਚ ਮੁਗ਼ਲ ਸਮਰਾਟ ਔਰੰਗਜ਼ੇਬ ਭਾਰਤ ਉੱਪਰ ਰਾਜ ਕਰ ਰਿਹਾ ਸੀ ਜੋ ਤਅਸੱਬੀ ਅਤੇ ਧਾਰਮਿਕ ਤੌਰ ’ਤੇ ਕੱਟੜ ਸੀ। ਉਸ ਦੀ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ ਕਾਰਨ ਭਾਰਤ ਦੇ ਹਰ ਹਿੱਸੇ ਵਿੱਚ ਵਿਦਰੋਹ ਹੋ ਰਹੇ ਸਨ ਅਤੇ ਰਾਜਨੀਤਿਕ ਵਿਵਸਥਾ ਵਿੱਚ ਵੀ ਵਿਗਾੜ ਆ ਰਿਹਾ ਸੀ। ਉਸ ਸਮੇਂ ਗੈਰ-ਮੁਸਲਿਮ ਜਨਤਾ ਬਲਹੀਣ ਹੋ ਗਈ ਸੀ। ਬਲਹੀਣ ਹੋਣ ਕਾਰਨ ਉਹ ਮਾਨਸਿਕ, ਸਮਾਜਿਕ, ਧਾਰਮਿਕ, ਆਰਥਿਕ ਹਰ ਤਰ੍ਹਾਂ ਨਾਲ ਪਿੱਛੜ ਗਏ ਸਨ ਅਤੇ ਡਰ ਰੂਪੀ

ਅੰਧੇਰੇ ਕਾਰਨ, ਡਰ, ਅਤੇ ਪ੍ਰਾਧੀਨਤਾ ਦੀ ਜ਼ਿੰਦਗੀ ਗੁਜ਼ਾਰ ਰਹੇ ਸਨ। ਅਜਿਹੇ ਸਮੇਂ ਵਿੱਚ ਗੁਰੂ ਸਾਹਿਬ ਨੇ ਆਪਣੀਆਂ ਯਾਤਰਾਵਾਂ ਦੌਰਾਨ ਲੋਕਾਂ ਦੇ ਮਨੋਬਲ ਨੂੰ ਉੱਚਾ ਕੀਤਾ ਅਤੇ ਸੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਅਤੇ ਜੀਵਨ ਜਾਂਚ ਦਾ ਰਾਹ ਦਸੇਰਾ ਕੀਤਾ। ਲੋਕਾਂ ਨੂੰ ਸਮਝਾਇਆ ਕਿ ਮੋਹ-ਮਾਇਆ, ਲੋਭ-ਲਾਲਚ, ਦੁਨਿਆਵੀ ਕੀਮਤਾਂ ਦਾ ਕੂੜ ਹੈ। ਇਸ ਤੋਂ ਉੱਪਰ ਉੱਠ ਕੇ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ।

"ਬਲ ਛੁਟਕਿਉ ਬੰਧਨ ਪਰੇ ਕਛੂ ਨ ਹੋਤ ਉਪਾਇ।
ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ।"[6]

ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਭੌਤਿਕ ਪਦਾਰਥ ਰੇਗਿਸਤਾਨ ਦੀ ਚਮਕਦੀ ਰੇਤ ਦੇ ਸਮਾਨ ਧੋਖਾ ਹੈ "ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੋ ਜਗੁ ਦੇਖਿ ਤਾਸਿ ਉਠਿ ਧਾਵੈ।"[7]

ਅਸਲ ਵਿੱਚ ਮਨੁੱਖ ਸੰਸਾਰਕ ਪਦਾਰਥਾਂ ਨੂੰ ਹੀ ਸਦੀਵੀਂ ਸਮਝੀ ਬੈਠਾ ਹੈ। ਉਹ ਇਨ੍ਹਾਂ ਸੁੱਖਾਂ ਵਿੱਚ ਇੰਨਾਂ ਫਸ ਗਿਆ ਹੈ ਜਿਸ ਕਾਰਨ ਅਸਲੀਅਤ ਤੋਂ ਦੂਰ ਹੋ ਗਿਆ ਹੈ। ਇਹ ਸੁੱਖ ਰੇਤ ਦੀ ਉਸ ਕੰਧ ਸਮਾਨ ਹਨ ਜਿਸ ਨੂੰ ਮੁੱਠੀ ਵਿੱਚ ਜਿੰਨਾ ਵੀ ਘੁੱਟ ਕੇ ਫੜ ਲਉ, ਇਹ ਮੁੱਠੀ ਵਿੱਚੋਂ ਫਿਸਲ ਜਾਂਦੀ ਹੈ। ਇਸ ਪ੍ਰਕਾਰ ਰੇਤ ਦੀ ਕੰਧ ਜਿੰਨੀ ਵੀ ਮਿਹਨਤ ਨਾਲ ਬਣਾਈ ਜਾਵੇ ਉਹ ਜ਼ਿਆਦਾ ਸਮਾਂ ਖੜ੍ਹੀ ਨਹੀਂ ਰਹਿ ਸਕਦੀ:

"ਬਾਰੂ ਭੀਤਿ ਬਨਾਈ ਰਚਿ ਪਚਿ ਰਹਿਤ ਨਹੀ ਦਿਨ ਚਾਰਿ।"[8]

ਅਜਿਹੇ ਸਮੇਂ ਵਿੱਚ ਜਦੋਂ ਮੁਗ਼ਲ ਹਕੂਮਤ ਗੈਰ ਮੁਸਲਿਮ ਪਰਜਾ ਉੱਪਰ ਅੱਤਿਆਚਾਰ ਕਰ ਰਹੀ ਸੀ ਅਤੇ ਗੁਰੂ ਸਾਹਿਬ ਨਿਧੜਕ ਹੋ ਕੇ ਕਮਜ਼ੋਰ ਅਤੇ ਲਿਤਾੜੇ ਲੋਕਾਂ ਦਾ ਮਨੋਬਲ ਉੱਚਾ ਕਰਨ ਲਈ ਯਾਤਰਾਵਾਂ ਕਰ ਰਹੇ ਸਨ। ਦੂਸਰੇ ਪਾਸੇ ਔਰੰਗਜ਼ੇਬ ਭਾਰਤ ਨੂੰ ਦਰ-ਉੱਲ-ਇਸਲਾਮ ਭਾਵ ਇਸਲਾਮ ਦੀ ਧਰਤੀ ਬਣਾਉਣਾ ਚਾਹੁੰਦਾ ਸੀ। ਇਸ ਲਈ ਉਸ ਨੇ ਹਰ ਉਹ ਹਥਿਆਰ ਜਾਂ ਢੰਗ ਵਰਤਣਾ ਸ਼ੁਰੂ ਕੀਤਾ ਜਿਸ ਨਾਲ ਉਹ ਆਪਣੇ ਮਕਸਦ ਵਿੱਚ ਕਾਮਯਾਬ ਹੋ ਸਕੇ। ਉਸ ਨੇ ਸਭ ਤੋਂ ਬ੍ਰਾਹਮਣ ਅਤੇ ਖਾਸ ਤੌਰ 'ਤੇ ਕਸ਼ਮੀਰੀ ਬ੍ਰਾਹਮਣਾਂ ਨੂੰ ਇਸਲਾਮ ਵਿੱਚ ਲਿਆਉਣ, ਉਨ੍ਹਾਂ ਉੱਪਰ ਲਾਲਚ ਅਤੇ ਡਰ ਦੋਹਾਂ ਢੰਗਾਂ ਨਾਲ ਸ਼ਿਕੰਜਾ ਕਸਣਾ ਸ਼ੁਰੂ ਕੀਤਾ। ਕਸ਼ਮੀਰੀ ਪੰਡਿਤ ਬਹੁਤ ਵਿਦਵਾਨ ਸਨ ਅਤੇ ਆਪਣੇ ਧਰਮ ਵਿੱਚ ਪੱਕੇ ਵੀ ਸਨ। ਉਹ ਇਸ ਵਿਦਵਾਨ ਸ਼੍ਰੇਣੀ ਨੂੰ ਇਸਲਾਮ ਵਿੱਚ ਲੈ ਕੇ ਆਉਣਾ ਚਾਹੁੰਦਾ ਸੀ। ਜੇਕਰ ਉਹ ਧਰਮ ਪਰਿਵਰਤਨ ਕਰ ਲੈਂਦੇ ਤਾਂ ਦੂਸਰੇ ਪ੍ਰਾਂਤਾਂ ਦਾ ਸੂਬਿਆਂ ਦੇ ਗੈਰ-ਮੁਸਲਿਮ ਵਿਅਕਤੀਆਂ ਨੂੰ ਇਸਲਾਮ ਵਿੱਚ ਲੈ ਕੇ ਆਉਣਾ ਸੌਖਾ ਹੋ ਜਾਣਾ ਸੀ। ਜਦੋਂ ਇਨ੍ਹਾਂ ਨੇ ਇਸਲਾਮ ਅਤੇ ਇਸਲਾਮੀ ਸਭਿਅਤਾ ਨੂੰ ਸਵੀਕਾਰ ਨਾ ਕੀਤਾ ਤਾਂ ਔਰੰਗਜ਼ੇਬ ਨੇ ਇਨ੍ਹਾਂ ਉੱਪਰ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਨੇ ਧਰਮ ਸਥਾਨਾਂ ਅਤੇ ਵਿੱਦਿਅਕ ਸਥਾਨਾਂ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੇ ਰੀਤੀ ਰਿਵਾਜ਼ਾਂ ਅਤੇ ਤਿਓਹਾਰਾਂ ਉੱਪਰ ਪਾਬੰਦੀਆਂ ਲਗਾ ਦਿੱਤੀਆਂ।

ਇਸ ਸਮੇਂ ਕਸ਼ਮੀਰ ਵਿੱਚ ਇਫਤਖਾਰ ਖਾਂ (1671-1675 ਈ.) ਕਸ਼ਮੀਰ ਦਾ ਗਵਰਨਰ ਸੀ[49] ਜੋ ਕਸ਼ਮੀਰੀ ਪੰਡਤਾਂ ਉੱਪਰ ਬਹੁਤ ਜ਼ੁਲਮ ਕਰ ਰਿਹਾ ਸੀ। ਉਸ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਕਸ਼ਮੀਰੀ ਬ੍ਰਾਹਮਣਾ ਦਾ ਇਕ ਵਫਦ ਕਿਰਪਾ ਰਾਮ ਦੱਤ, ਮਟਨ ਨਿਵਾਸੀ ਦੀ ਅਗਵਾਈ ਵਿੱਚ ਆਨੰਦਪੁਰ ਆਇਆ ਤੇ 25 ਮਈ 1675 ਈ. ਨੂੰ ਗੁਰੂ ਸਾਹਿਬ ਨਾਲ ਮੁਲਾਕਾਤ ਕੀਤੀ ਜਿਸ ਬਾਰੇ ਭੱਟ ਵਹੀ ਵਿੱਚ ਲਿਖਿਆ ਮਿਲਦਾ ਹੈ:

"ਭਾਈ ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਕਾ ਪੜਪੋਤਾ ਬ੍ਰਹਮ ਦਾਸ ਕਾ ਬੰਸ ਠਾਕਰ ਦਾਸ ਕੀ ਦੱਤ ਗੋਤਰਾ ਮੁਝਾਲ ਬ੍ਰਹਮਣ ਬਾਸੀ ਮਟਨ ਦੇਸ਼ ਕਸ਼ਮੀਰ ਸੰਗਤ ਸਤਰਾਂ ਸੈ ਬਤੀਸ ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁ ਖੋੜਸ ਬ੍ਰਾਹਮਣੋਜ਼ ਗੈਲ ਗਰਾਮ ਚੱਕ ਨਾਨਕੀ ਪ੍ਰਗਨਾ ਕਹਿਲੂਰ ਗੁਰੂ ਤੇਗ ਬਹਾਦਰ ਜੀ ਮਹਲ ਨਾਮਾ ਕੇ ਦਰਬਾਰ ਆਇ ਫਰਿਆਦੀ ਹੂਆਂ। ਗੁਰੂ ਜੀ ਨੇ ਇਸੇ ਧੀਰਜ ਦਈ, ਬਚਨ ਹੋਆ ਤੁਸਾਂ ਕੀ ਰਖਸ਼ਾ ਬਾਬਾ ਨਾਨਕ ਜੀ ਕਰੇਗਾ।"[9]

ਇਸ ਗੱਲ ਦੀ ਪਸ਼ਟੀ ਸੇਵਾ ਸਿੰਘ ਭੱਟ ਨੇ "ਸ਼ਹੀਦ ਬਿਲਾਸ ਭਾਈ ਮਨੀ ਸਿੰਘ" ਵਿੱਚ ਵੀ ਕੀਤੀ ਹੈ:

"ਹਾਥ ਜੋਰ ਕਹਿਯੋ ਕਿਰਪਾ ਰਾਮ। ਦੱਤ ਬਰਾਹਮਣ ਮਟਨ ਗ੍ਰਾਮ
ਹਮਰੋ ਬਲ ਅਬ ਰਹਯੋ ਨਹਿ ਕਾਈ। ਹੈ ਗੁਰੂ ਤੇਗ ਬਹਾਦਰ ਰਾਈ।
ਫਿਰਤ ਫਿਰਤ ਪ੍ਰਭ ਆਏ ਥਾਰੈ।। ਥਾਕ ਪਰੈ ਹਉ ਤਉ ਦਰਬਾਰੈ।
ਸੇਵਾ ਹਰੀ ਇਸ ਅਰਜ਼ ਗੁਜ਼ਾਰੀ। ਤੁਮ ਕਲਜੁਗ ਕੇ ਬਿਸ਼ਨ ਮੁਰਾਰੀ।"[10]

ਗੁਰੂ ਸਾਹਿਬ ਇਸ ਸਥਿਤੀ ਤੋਜ਼ ਪਹਿਲਾਂ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿਖਦਾ ਹੈ:

"ਆਇ ਬ੍ਰਹਿਮਨਿ ਸਭਿ ਐਸੇ ਪੁਕਾਰੈ। ਸਤਿਗੁਰ ਸੁਨ ਤਵ ਆਏ ਦੁਆਰੇ।
ਹੈ ਛਤ੍ਰੀ ਤੂ ਬਰਨ ਉਜਾਗਰ। ਗਊ ਬ੍ਰਾਹਮਨਿ ਤੂੰ ਪ੍ਰਿਤਿਪਾਗਰਿ।
ਅਬਿ ਆਇ ਪਰੀ ਹਮਨਿ ਪਰਿ ਭਾਰੀ। ਅਬ ਹਮਿ ਕੌ ਤੁਮ ਲੇਹੁ ਉਬਾਰੀ।
ਤੁਮ ਨਾਨਕ ਸਤਿਗੁਰ ਕਲਿਧਾਰੀ। ਰਾਖੋ ਹਿੰਦੂਅਨਿ ਹਿੰਦ ਮਝਾਰੀ।"[11]

**ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼, ਪਤਰਾ 16, 20-21**

ਗੁਰੂ ਸਾਹਿਬ ਇਸ ਸਥਿਤੀ ਤੋਂ ਪਹਿਲਾਂ ਹੀ ਭਲੀ-ਭਾਂਤ ਜਾਣੂ ਸਨ। ਜੋ ਹੋ ਰਿਹਾ ਸੀ ਅਤੇ ਜੋ ਹੋਣ ਵਾਲਾ ਸੀ । ਉਨ੍ਹਾਂ ਨੇ ਕਸ਼ਮੀਰ

ਪੰਡਿਤਾਂ ਦੀਆਂ ਸ਼ਿਕਇਤਾ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ ਗੁਰੂ ਸਾਹਿਬ ਗੰਭੀਰ ਹੋਏ, ਕਿਉਂਕਿ ਉਨ੍ਹਾਂ ਨੇ ਮਹਿਸੂਸ ਕਰ ਲਿਆ ਸੀ ਕਿ ਬਲੀਦਾਨ ਦਾ ਸਮਾਂ ਆ ਗਿਆ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜੇਬ ਨੂੰ ਕਹਿ ਦੇਣ ਕਿ ਸਿੱਖਾਂ ਦੇ ਨੌਵੇਜ਼ ਗੁਰੂ ਤੇਗ ਬਹਾਦਰ ਜੇਕਰ ਮੁਸਲਮਾਨ ਬਣ ਜਾਣਗੇ ਤਾਂ ਸਾਰੇ ਬ੍ਰਾਹਮਣ ਆਪਣੇ ਆਪ ਹੀ ਇਸਲਾਮ ਧਰਮ ਗ੍ਰਹਿਣ ਕਰ ਲੈਣਗੇ ਕਿਉਂਕਿ ਉਹ ਹਿੰਦੂ ਧਰਮ ਦੇ ਰਖਿਅਕ ਹਨ। ਗੁਰੂ ਸਾਹਿਬ ਦਾ ਇਹ ਸੁਨੇਹਾ ਜਦੋਂ ਔਰੰਗਜੇਬ ਨੂੰ ਦਿੱਤਾ ਤਾਂ ਉਸਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ "ਬਲੁ ਛੁਟਕਿਓ ਬੰਧਨ ਪਰੇ ਕਛੁ ਨ ਹੋਤ ਉਪਾਇ," ਉਨ੍ਹਾਂ ਦੇ ਸਬਦ ਸ਼ਾਇਦ ਆਉਣ ਵਾਲੀ ਬਿਪਤਾ ਵੱਲ ਸੰਕੇਤ ਕਰਦੇ ਹਨ। ਜਿੱਥੇ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਨੂੰ ਭਰੋਸਾ ਦੇ ਕੇ ਤੋਰਿਆ ਉੱਥੇ ਉਨ੍ਹਾਂ ਨੇ ਆਪਣੀ ਦਿੱਲੀ ਜਾਣ ਦੀ ਤਿਆਰੀ ਕੀਤੀ। ਇਹ ਕੋਈ ਅਚਨਚੇਤ ਗੱਲ ਨਹੀਂ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਸ੍ਰੀ ਗੁਰੂ ਤੇ ਗ਼ ਬਹਾਦਰ ਜੀ ਦੇ ਸ਼ਾਂਤ ਸੁਭਾਅ ਨੂੰ ਇਕ ਵੱਡੇ ਬਦਲਾਅ ਦਾ ਸੰਕੇਤ ਦੀ ਭਵਿੱਖਬਾਣੀ ਕੀਤੀ ਸੀ ਜੋ ਹੁਣ ਸੱਚ ਹੋ ਰਹੀ ਸੀ। ਇਤਿਹਾਸ ਵਿੱਚ ਅਜਿਹੀ ਉਦਾਹਰਣ ਮਿਲਣੀ ਨਾਮੁਮਕਿਨ ਜਾਂ ਅਸੰਭਵ ਹੈ ਕਿ ਕੋਈ ਵੀ ਆਪ ਸ਼ਹਾਦਤ ਜਾਂ ਕੁਰਬਾਨੀ ਦੇਣ ਲਈ ਸਮੇਂ ਦੀ ਜ਼ਾਲਮ ਹਕੂਮਤ ਕੋਲ ਚਲ ਕੇ ਜਾਏ। ਜਦੋਂ ਕਿ ਉਹ ਉਸ ਅਕਿਦੇ, ਧਰਮ ਜਾਂ ਰਹੁ-ਰੀਤਾਂ ਨਾਲ ਸਬੰਧ ਹੀ ਨਾ ਰਖਦਾ ਹੋਵੇ। ਪਰੰਤੂ ਅਜਿਹੀ ਜੁਰੱਅਤ ਗੁਰੂ ਸਾਹਿਬ ਨੇ ਦਿਖਾਈ ਅਤੇ ਜੰਞੂ ਦੀ ਰੱਖਿਆ ਦੀ ਲਈ ਇਕ ਪਾਸੇ ਕਸ਼ਮੀਰੀ ਪੰਡਤਾਂ ਨੂੰ ਭਰੋਸਾ ਦੇ ਕੇ ਤੋਰਿਆ ਅਤੇ ਦੂਸਰੇ ਪਾਸੇ ਆਪ ਦਿੱਲੀ ਨੂੰ ਚਾਲੇ ਪਾਏ।

ਗੁਰੂ ਸਾਹਿਬ ਦੀ ਗ੍ਰਿਫਤਾਰੀ ਦੇ ਅਸਥਾਨ ਸਬੰਧੀ ਲੇਖਕਾਂ ਨੇ ਕਈ ਵੱਖ ਵੱਖ ਮਤ ਦਿੱਤੇ ਹਨ। ਭਾਈ ਸੰਤੋਖ ਸਿੰਘ ਨੇ ਗਿਆਨੀ ਗਿਆਨ ਸਿੰਘ ਨੇ ਆਗਰੇ ਦਾ ਨਾਉਂ ਲਿਆ ਹੈ ਅਤੇ ਇਹ ਮਤ ਸਿੱਖਾਂ ਵਿੱਚ ਸਭ ਤੋਂ ਵਧ ਪ੍ਰਚਲਤ ਹੈ। ਭਾਈ ਕੁਇਰ ਸਿੰਘ ਤੇ ਭਾਈ ਸੁਖਾ ਸਿੰਘ ਨੇ ਦਿੱਲੀ ਦਾ ਜ਼ਿਕਰ ਕੀਤਾ ਹੈ।ਸਰੂਪ ਦਾਸ ਭਲਾ ਨੇ ਧਮਧਾਨ ਦਾ ਵਰਣਨ ਕੀਤਾ ਹੈ। ਕੇਸਰ ਸਿੰਘ ਛਿਬਰ ਨੇ ਰੋਪੜ ਨੇੜੇ ਮੁਲਕਪੁਰ ਰੰਗੜਾ ਦਾ ਸੰਕੇਤ ਦਿੱਤਾ ਹੈ। "ਭੱਟ ਵਹੀਆਂ" ਤੇ 'ਗੁਰੂ ਕੀਆਂ ਸਾਖੀਆਂ' ਨੇ ਕੇਸਰ ਸਿੰਘ ਛਿਬਰ ਵਾਲੇ ਮਤ ਨੂੰ ਮੰਨਿਆਂ ਹੈ।

ਗੁਰੂ ਸਾਹਿਬ ਦੀ ਗ੍ਰਿਫਤਾਰੀ ਦਾ ਹੁਕਮ ਔਰੰਗਜੇਬ ਨੇ ਲਾਹੌਰ ਦੇ ਗਵਰਨਰ ਨੂੰ ਭੇਜਿਆ ਤੇ ਉਸਨੇ ਇਹ ਹੁਕਮ ਸਰਹਿੰਦ ਦੇ ਫੌਜਦਾਰ ਦਿਲਾਵਰ ਖਾਂ ਨੂੰ ਜਿਸ ਨੇ ਰੋਪੜ ਦੇ ਕੋਤਵਾਲ ਮਿਰਜਾ ਨੂਰ ਮਹੁੰਮਦ ਖਾਂ ਤੱਕ ਪਹੁੰਚਾਇਆ। ਪਰੰਤੂ ਆਮ ਲੋਕਾਂ ਤੋਂ ਇਹ ਗੁਪਤ ਰਖਿਆ ਤਾਂ ਜੋ ਗੁਰੂ ਸਾਹਿਬ ਦੀ ਗ੍ਰਿਫਤਾਰੀ ਸਮੇਂ ਸਿੱਖ ਦੇ ਵਿਰੋਧ ਦਾ ਸਾਹਮਣਾ ਨਾ ਕਰਨਾ ਪੈ ਜਾਵੇ। ਗੁਰੂ ਸਾਹਿਬ ਜਦੋਂ ਆਨੰਦਪੁਰ ਤੋਂ ਚਲ ਕੇ ਰੋਪੜ ਦੇ ਕੋਲ ਪਿੰਡ ਮਲਕਪੁਰ ਰੰਘੜਾ ਪਹੁੰਚੇ ਤਾਂ ਇੰਨ੍ਹਾਂ ਨੂੰ ਰੋਪੜ ਦੇ ਕੋਤਵਾਲ ਦੁਆਰਾ ਗ੍ਰਿਫਤਾਰ ਕਰ ਲਿਆ ਗਿਆ। ਇੰਨ੍ਹਾਂ ਦੀ ਗ੍ਰਿਫਤਾਰੀ ਸੰਬੰਧੀ 'ਭੱਟ ਵਹੀ ਮੁਲਤਾਨੀ ਸਿੰਧੀ', 'ਖਾਤਾ ਬਲਉਤੋਂ ਕਾ' ਵਿੱਚ ਲਿਖਿਆ ਮਿਲਦਾ ਹੈ:

"ਗੁਰੂ ਤੇਗ ਬਹਾਦਰ ਜੀ ਮਹੱਲ ਕੋ ਨੂਰ ਮੁਹੰਮਦ ਖਾਂ ਮਿਰਜਾ ਚੌਕੀ ਰੋਪੜ ਵਾਲੇ ਨੇ ਸਾਲ ਸੈ ਬਤੀਸ ਸਾਵਨ ਪ੍ਰਵਿਸਟੇ ਬਾਰਾ ਮਲਕਪੁਰ ਪਰਗਨਾ ਘਨਉਲਾ ਸੇ ਪਕੜ ਕਰ ਸਰਹੰਦ ਪਹੁੰਚਾਇਆ, ਸਾਥ ਸਤੀ ਦਾਸ ਮਤੀ ਦਾਸ ਬੇਟੇ ਹੀਰਾ ਮੱਲ ਛਿਬੜ ਕੇ, ਸਾਥ ਦਿਆਲ ਦਾਸ ਬੇਟਾ ਮਈ ਦਾਸ ਬਲਉਤ ਕਾ ਪਕੜਿਆ ਆਇਆ ਚਾਰ ਮਾਹ ਸਰਹੰਦ ਔਰ ਦਿੱਲੀ ਬੰਦੀ ਖਾਲੇ ਮੈ ਰਹੇ।"[12]

ਇਸ ਦੀ ਪੁਸ਼ਟੀ ਭੱਟ ਵਹੀ ਪੂਰਬੀ ਦੱਖਣੀ ਤੋਂ ਵੀ ਹੁੰਦੀ ਹੈ ਜਿਸ ਵਿੱਚ ਬੰਝਰਉਤ ਜਲਹਾਣੋਂ ਲਿਖਤ ਵਿੱਚ ਦਰਜ ਹੈ ਕਿ ਗੁਰੂ ਸਾਹਿਬ ਦੀ ਰੋਪੜ ਦੇ ਨੇੜਿਉ ਗ੍ਰਿਫਤਾਰੀ ਹੋਈ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਲਿਖਤਾਂ ਇਸ ਦੀ ਪੁਸ਼ਟੀ ਕਰਦੀਆਂ ਹਨ।[13] ਭੱਟ ਵਹੀ ਦੀ ਉਪਰੋਕਤ ਲਿਖਤ ਵਿੱਚ ਦਿੱਤੀ ਤਾਰੀਖ 12 ਸਾਵਣ, ਸੰਮਤ 1732ਹ ਬਿਨਰਸੀ (11 ਜੁਲਾਈ 1675 ਈ.) ਗੁਰੂ ਸਾਹਿਬ ਦੀ ਸ਼ਹੀਦੀ ਤੋਂ 4 ਮਹੀਨੇ ਪਹਿਲਾਂ ਗ੍ਰਿਫਤਾਰ ਕਰਕੇ ਕੁਝ ਸਮਾਂ ਸਰਹੰਦ ਰੱਖਣ ਉਪਰੰਤ ਦਿੱਲੀ ਭੇਜ ਦਿੱਤਾ। ਇਥੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਜੋਰ ਪਾਇਆ ਗਿਆ ਅਤੇ ਤਸੀਹੇ ਦਿੱਤੇ ਗਏ। 11 ਨਵੰਬਰ 1675 ਈ. ਨੂੰ ਗੁਰੂ ਸਾਹਿਬ ਨੂੰ ਮੌਤ ਦੇ ਖੌਫ ਤੋਂ ਡਰਾਉਣ ਲਈ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੇ ਸਿੱਖ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ, ਭਾਈ ਦਿਆਲ ਨੂੰ ਉਬਲਦੀ ਦੇਗ ਵਿੱਚ ਉਬਾਲ ਕੇ ਅਤੇ ਭਾਈ ਸਤੀ ਦਾਸ ਦੇ ਸਰੀਰ ਦੁਆਲੇ ਰੂੰ ਲਪੇਟ ਕੇ ਜਿਊਂਦਿਆਂ ਹੀ ਸਾੜ ਕੇ ਸ਼ਹੀਦ ਕਰ ਦਿੱਤਾ। ਪਰੰਤੂ ਗੁਰੂ ਦੇ ਇਹ ਸਿੱਖ ਅਡੋਲ ਰਹੇ ਅਤੇ ਆਪਣੇ ਸੁਆਸ ਤਿਆਗ ਦਿੱਤੇ।

ਅੰਤ ਕੁਝ ਦਿਨਾਂ ਬਾਅਦ ਗੁਰੂ ਸਾਹਿਬ ਉਪਰ ਫਿਰ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ ਉਨ੍ਹਾਂ ਦੇ ਇਨਕਾਰ ਕਰਨ ਤੇ ਉਨ੍ਹਾਂ ਨੂੰ ਕਰਾਮਾਤ ਦਿਖਾਉਣ ਲਈ ਕਿਹਾ।[14] ਰਤਨ ਸਿੰਘ ਭੰਗੂ ਇਸ ਬਾਰੇ ਦਸਦਾ ਹੈ:

"ਅਕੈ ਦਿਖਾਯੋ ਹਮ ਕਰਾ ਸੁਮਾਤ। ਜਿਮ ਗੁਰੂ ਅਖਾਵੈ ਦਿਖਾਵੈ ਸੋਊ ਬਾਤ।
ਜਿਮ ਪਾਤਿਸ਼ਾਹ ਸਚੋ ਸਦਾਵੋ। ਜਿਮ ਕਰਿ ਹਮ ਕੋ ਝੂਠੋ ਠਹਿਰਾਵੋ।
ਨਹੀਂ ਤੋ ਹੋਤਿ ਤੂੰ ਮੁਸਲਮਾਨ। ਅਕੈ ਦਿਖਲਾਵਯੋ ਕਿਛੁ ਅਪਨੋ ਤਾਨ।
ਦਿਖਾਯੋ ਹਮ ਕਛੁ ਕਰਾ ਜੁ ਮਾਤਿ। ਰਾਮ ਰਾਇ ਜਿਮ ਮੰਨੋ ਤੁਇ ਬਾਤ।"[15]

ਗੁਰਮਤ ਵਿੱਚ ਕਰਾਮਾਤ ਕਹਿਰ ਸਮਝੀ ਗਈ ਹੈ, ਇਸ ਲਈ ਆਪ ਨੇ ਕਰਾਮਾਤ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਗੁਰੂ ਸਾਹਿਬ

ਨੂੰ ਸ਼ਹੀਦ ਕਰ ਦਿੱਤਾ ਗਿਆ। ਰਤਨ ਸਿੰਘ ਭੰਗੂ ਇਸ ਬਾਰੇ ਲਿਖ ਰਿਹਾ ਹੈ:

"ਤਬ ਗੁਰ ਕਹਯੋ ਹਮ ਸਮ ਨਹਿ ਰਾਮ ਰਾਇ।
ਆਪ ਬਡਾਈ ਲੈ ਗਯੋ ਗਲ ਪਿਛਨ ਪਾਇ ਬਲਾਇ।
ਜੋ ਉਹੁ ਦੇ ਗਯੋ ਕਰਾ ਸੁਮਾਤ। ਤੌ ਹਮਿ ਕੌ ਤੈ ਆਖੀ ਬਾਤ।
ਪੀਰ ਫਕੀਰਨਿ ਲਾਗਯੋ ਪਾਪਿ। ਗਯੋ ਕ੍ਰਵਾਇ ਵਹੁ ਸਭਿ ਕੋ ਖਾਪੁ।
ਕਰਾਮਾਤ ਹੈ ਕਹਰਿਨਿ ਮਾਹਿ। ਪੀਰਨਿ ਪਾਤਿਸਾਹਿਨਿ ਸੁ ਚਹੀਆਤ ਨਾਹਿ।
ਕਰਾਮਾਤ ਨਾਮ ਕਹਰਿ ਹੈ ਸੋ ਹਮ ਕਰਤੈ ਨਾਹਿ।
ਹਮਰੈ ਉਪਰਿ ਤੁਮਿ ਕਰੋ ਤੌ ਤੁਹਿ ਪੁਛੈ ਖੁਦਾਇ।"[16]

ਔਰੰਗਜੇਬ ਦੇ ਹੁਕਮ ਤੇ ਮੱਘਰ ਸੁਦੀ ਪੰਚਮੀ ਵੀਰਵਾਰ (12 ਮੱਘਰ) ਸੰਮਤ 1732[57] ਨੂੰ (11 ਨਵੰਬਰ 1675) ਚਾਦਨੀ ਚੌਂਕ ਵਿੱਚ ਸਮਾਣੇ ਦੇ ਜਲਾਲਉਦੀਨ ਨਾ ਦੇ ਜਲਾਦ ਦੁਆਰਾ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਸੰਤ ਗੁਲਾਬ ਸਿੰਘ ਆਪਣੀ ਲਿਖਤ ਵਿੱਚ ਲਿਖਦੇ ਹਨ:

"ਯਹਿ ਕੌਤਕ ਦਿਲੀ ਗੁਰ ਸਾਜਾ
ਹਿੰਦਵਾਇਨ ਕੀ ਰਾਖੀ ਲਾਜਾ।"[17]

ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿਖਦਾ ਹੈ:

"ਸੀਸੁ ਦਿਯੋ ਪਰ ਸਿਰਰੁ ਨ ਦਿਯੋ। ਆਪਨੋ ਧਰਮੁ ਕਰਮੁ ਰਖਿ ਲਿਯੋ।
ਚਰਮਿ ਕਚੈ ਤੇ ਸਰੀਰਿ ਬਚਾਯੋ। ਤੁਰਕਨਿ ਤੇ ਸਿਰ ਸੀਸ ਰਿਵਾਯੋ।
ਯੌ ਸਤਿਗੁਰ ਵਡਿ ਸਾਕਾ ਕੀਯੋ। ਪਰਸਵਾਰਥ ਹਿਤਿ ਨਿਜਿ ਸਿਰਿ ਦੀਯੋ।"[18]

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਆਪਣਾ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਜੜ੍ਹ ਨੂੰ ਇਸ ਧਰਤੀ ਉੱਤੇ ਕਾਇਮ ਰੱਖਿਆ।

"ਹਿੰਦੁ ਧਰਮ ਤਰੁ ਮੂਲ ਕੋ ਰਾਖਯੋ ਧਰਨਿ ਮਝਾਰ
ਤੇਗ਼ ਬਹਾਦਰ ਸਤਿਗੁਰੂ ਤ੍ਰਿਣ ਸਮਾਨ ਤਨ ਡਾਰਿ।"[19]

ਔਰੰਗਜ਼ੇਬ ਦੀ ਜ਼ਾਲਮ ਨੀਤੀ ਅੱਗੇ ਗੈਰ ਮੁਸਲਿਮ ਲੋਕ ਸਹਿਮ ਗਏ ਸਨ ਤੇ ਉਹ ਇੰਨੇ ਕਮਜ਼ੋਰ ਤੇ ਬੇਬੱਸ ਹੋ ਗਏ ਸਨ ਕਿ ਉਹ ਹਰ ਤਰ੍ਹਾਂ ਦੇ ਜ਼ੁਲਮ ਅਤੇ ਅਪਮਾਨ ਅੱਗੇ ਸਿਰ ਝੁਕਾਉਣ ਲੱਗ ਪਏ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਜ਼ੁਲਮ ਅਤੇ ਅਪਮਾਨ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਰਸਤਾ ਦਿਖਾਇਆ। ਸੰਸਾਰ ਵਿੱਚ ਲੋਕ ਆਪਣੇ ਲਈ ਜੀਉ ਰਹੇ ਸਨ ਪਰੰਤੂ ਗੁਰੂ ਸਾਹਿਬ ਨੇ ਆਪਣਾ ਬਲੀਦਾਨ ਦੇ ਕੇ ਕਮਜ਼ੋਰ ਅਤੇ ਨਿਤਾਣੇ ਲੋਕਾਂ ਨੂੰ ਦੂਸਰਿਆਂ ਦੀ ਆਜ਼ਾਦੀ ਲਈ ਜੀਊਣਾ ਅਤੇ ਮਰਨਾ ਸਿਖਾਇਆ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਮੁੱਖ ਕਾਰਨ ਔਰੰਗਜੇਬ ਦੀ ਧਾਰਮਿਕ ਕਟੱੜਤਾ ਸੀ ਕਿਉਂਕਿ ਉਹ ਭਾਰਤ ਦੀ ਧਰਤੀ ਨੂੰ "ਦਰ-ਉਲ-ਇਸਲਾਮ" ਵਿੱਚ ਬਦਲਣਾ ਚਾਹੁੰਦਾ ਸੀ। ਉਹ ਆਪਣੀ ਧਾਰਮਿਕ ਅਸ਼ਹਿਣਸ਼ੀਲਤਾ ਅਤੇ ਮਜ਼ਹਬੀ ਜੰਨੂਨ ਕਾਰਨ ਮੰਦਰ ਅਤੇ ਗੁਰਦੁਆਰਿਆਂ ਨੂੰ ਮਸਜਿਦਾ ਵਿੱਚ ਬਦਲ ਰਿਹਾ ਸੀ ਪਰੰਤੂ ਗੁਰੂ ਸਾਹਿਬ ਨਾ ਕੇਵਲ ਆਪਣੇ ਲਈ ਸਗੋਂ ਹਰ ਕਿਸੇ ਲਈ ਧਾਰਮਿਕ ਸੁਤੰਤਰਤਾ ਦੇ ਹਾਮੀ ਸਨ। ਉਹ ਜਨੇਊ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ ਪਰੰਤੂ ਧੱਕੇ ਨਾਲ ਜਨੇਊ ਉਤਾਰਨ ਦੇ ਵੀ ਵਿਰੋਧੀ ਸਨ। ਉਹ ਡਰਨ ਵਾਲੇ ਨੂੰ ਕਾਇਰ ਤੇ ਡਰਾਉਣ ਵਾਲੇ ਨੂੰ ਜਾਬਰ ਸਮਝਦੇ ਸਨ। ਉਨ੍ਹਾਂ ਨੇ ਤਿਲਕ ਅਤੇ ਜੰਞੂ ਦੀ ਰਖਿਆ ਲਈ ਆਪਣਾ ਬਲੀਦਾਨ ਦਿੱਤਾ ਸੀ ਜਦੋਂ ਕਿ ਅਜਿਹੀਆਂ ਰਹੁਰੀਤਾ ਵਿੱਚ ਸਿੱਖ ਧਰਮ ਵਿਸ਼ਵਾਸ ਨਹੀਂ ਰਖਦਾ ਪਰੰਤੂ ਗੁਰੂ ਸਾਹਿਬ ਨੇ ਕਹਿਣੀ ਅਤੇ ਕਥਨੀ ਨੂੰ ਸੱਚ ਕਰ ਵਿਖਾਇਆ ਭਾਵ ਤਿਲਕ ਜਾਂ ਜੰਞੂ ਦੇ ਧਾਰਨੀ ਨਾ ਹੋਣ ਦੇ ਬਾਵਜੂਦ ਧਾਰਮਿਕ ਸੁਤੰਤਰਤਾ, ਸਮਾਨਤਾ ਲਈ ਆਪਣਾ ਬਲੀਦਾਨ ਦਿੱਤਾ। ਗੁਰੂ ਸਾਹਿਬ ਅਨੁਸਾਰ ਹਰ ਵਿਅਕਤੀ ਨੂੰ ਆਪਣੇ ਅਕੀਦੇ ਦੀ ਖੁਲ੍ਹ ਹੋਣੀ ਚਾਹੀਦੀ ਹੈ। ਮਜਬੂਰ ਕਰਕੇ, ਡਰਾ ਕੇ ਜਾਂ ਤਾਕਤ ਨਾਲ ਕਿਸੇ ਦੀ ਆਜ਼ਾਦੀ ਖੋਹਣੀ ਕਾਇਰਤਾ ਅਤੇ ਜ਼ੁਲਮ ਹੈ। ਆਜ਼ਾਦੀ ਮਨੁੱਖਤਾ ਦਾ ਮੌਲਿਕ ਅਧਿਕਾਰ ਹੈ, ਕਿਸੇ ਇਕ ਧਰਮ ਦਾ ਨਹੀਂ। ਜੇ ਅਜਿਹੀ ਸਥਿਤੀ ਵਿੱਚ ਕਿਸੇ ਹੋਰ ਧਰਮ ਦੇ ਲੋਕਾਂ ਨੂੰ ਅਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪੇਂਦਾ ਤਾਂ ਵੀ ਗੁਰੂ ਸਾਹਿਬ ਉਨ੍ਹਾਂ ਦੀ ਸਹਇਤਾ ਲਈ ਇਸੇ ਤਰ੍ਹਾਂ ਡਟ ਕੇ ਬਾਂਹ ਫੜ੍ਹ ਲੈਂਦੇ ਕਿਉਂਕਿ ਇਹ ਮਾਨਵਤਾ ਅਤੇ ਮਾਨਵ ਜਾਤੀ ਦੇ ਅਧਿਕਾਰਾਂ ਦੀ ਰਾਖੀ ਦਾ ਸਵਾਲ ਸੀ। ਇਸ ਤਰ੍ਹਾਂ 'ਹਿੰਦੂ ਦੀ ਚਾਦਰ' ਗੁਰੂ ਤੇਗ ਬਹਦਰ ਜੀ ਨੇ ਆਪਣਾ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਰਖਿਆ ਕੀਤੀ। ਗੁਰੂ ਗੋਬਿੰਦ ਸਿੰਘ ਜੀ ਬਚਿੱਤਰ ਨਾਟਕ ਵਿੱਚ ਲਿਖਦੇ ਹਨ:

"ਤਿਲਕ ਜੰਞੂ ਰਾਖਾ ਪ੍ਰਭੁ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੈਤਿ ਝਿਤਿ ਜਿਨਿ ਕਰੀ। ਸੀਸੁ ਦੀਆ ਪਰ ਸੀ ਨ ਉਚਰੀ
ਧਰਮ ਹੇਤ ਸਾਕਾ ਜਿਨਿ ਕੀਆ ਸੀਸ ਦੀਆਂ ਪਰ ਸਿਰਰ ਨ ਦੀਆ।"[20]

ਗੁਰੂ ਸਾਹਿਬ ਦੀ ਸ਼ਹੀਦੀ ਵਿਖੱਲਣ ਤੇ ਮਹਾਨ ਹੈ ਉਨ੍ਹਾਂ ਨੇ ਕੇਵਲ ਮਾਨਵਤਾ ਦੇ ਰਖਿਅਕ ਬਣਕੇ ਆਪਣਾ ਸੀਸ਼ ਮਨੁਖਤਾ ਦੀ ਆਜ਼ਾਦੀ ਲਈ ਬਲੀਦਾਨ ਦਿੱਤਾ। ਉਨ੍ਹਾਂ ਰੂਹਾਨੀ ਮਰਿਆਦਾ ਅਨੁਸਾਰ ਬਦਲਾ ਰਹਿਤ ਭਾਵਨਾ, ਅਹਿੰਸਾ ਤੇ ਕਟ ਸਹਿਣ ਦੀ ਤਤਪਰਤਾ ਨੂੰ ਆਪ ਧਾਰਨ ਕੀਤਾ ਤੇ ਮਨੁੱਖਤਾ ਵਿੱਚ ਇਹ ਸ਼ਕਤੀ ਭਰੀ ਅਤੇ ਫਿਰ ਕੱਟੜ ਔਰੰਗਜੇਬ ਦੇ ਰਾਜ ਅੰਦਰ ਨਿਰਬਲ ਮਾਨਵਤਾ ਲਈ

ਆਪਣੀ ਜਿੰਦਗੀ ਦਾ ਬਲੀਦਾਨ ਦਿੱਤਾ। ਗੁਰੂ ਸਾਹਿਬ ਨੇ ਧਰਮ ਦੀ ਰਖਿਆ ਲਈ ਆਪਣੀ ਕੁਰਬਾਨੀ ਦਿੱਤੀ ਗੁਰੂ ਜੀ ਦੀ ਸ਼ਹਾਦਤ ਨੇ ਭਾਰਤ ਦੇ ਇਤਿਹਾਸ ਨੂੰ ਹੀ ਬਦਲ ਦਿੱਤਾ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਆਪਣੇ ਸਮੇਂ ਦੀ ਸਭ ਤੋਂ ਵੱਡੀ ਘਟਨਾ ਸੀ, ਇਸ ਘਟਨਾ ਸਦਕਾ ਗੁਰੂ ਗੋਬਿੰਦ ਸਿੰਘ (1675-1708 ਈ.) ਅਗਵਾਈ ਅਧੀਨ ਸੁੱਤੀ ਕੌਮ ਨੂੰ ਜਗਾ ਦਿੱਤਾ ਜਿਸ ਨੇ ਭਗਤੀ ਅਤੇ ਸ਼ਕਤੀ, ਸ਼ਸਤਰ ਅਤੇ ਸ਼ਾਸਤਰ, ਮੀਰੀ ਅਤੇ ਪੀਰੀ ਦੇ ਸਿਧਾਂਤਾ ਨੂੰ ਅਮਲ ਵਿੱਚ ਲਿਆਂਦਾ ਅਤੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਪੰਜਾਬੀਆਂ ਵਿੱਚ ਨਵੀਂ ਸ਼ਕਤੀ ਪੈਦਾ ਕੀਤੀ ਜਿਥੇ ਉਨ੍ਹਾਂ ਨੇ ਧਰਮ ਲਈ ਕੁਰਬਾਨੀਆਂ ਦਿੱਤੀਆਂ ਅਤੇ ਹੋਲੀ-ਹੋਲੀ ਸਿੱਖ ਰਾਜ ਸਥਾਪਤ ਕੀਤਾ।

## ਹਵਾਲੇ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਪੰਨਾ 1427
2. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਪੰਨਾ 1428
3. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਪੰਨਾ 411
4. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਪੰਨਾ 901-902
5. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਪੰਨਾ 1428
6. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਪੰਨਾ
7. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਪੰਨਾ 219
8. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 9, ਪੰਨਾ 633
9. ਸਰੂਪ ਸਿੰਘ ਕੋਸ਼ਿਸ਼, ਗੁਰੂ ਦੀਆਂ ਸਾਖੀਆ, ਸਾਖੀ 'ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਜ ਕਾ'
10. ਸੇਵਾ ਸਿੰਘ ਭੱਟ, ਸਹੀਦ ਬਿਲਾਸ, ਭਾਈ ਮਨੀ ਸਿੰਘ, ਸੰਪਦਕ ਗਿਆਨੀ ਗਿਰਜਾ ਸਿੰਘ, ਲੁਧਿਆਣਾ, 1961, ਪੰਨੇ 59-60 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ 10, ਪੰਨਾ 48; M.A. Macauliffe, Life of Guru Tegh Bahadur, Patiala, 1971, p. 53; M.A. Macauliffe, The Sikh Religion: Its Guru's Sacred Writings and Author, pp. 244-245
11. ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼, ਪਤਰਾ 16, ਪੰਨੇ 20-21
12. ਸਰੂਪ ਸਿੰਘ ਕੋਸ਼ਿਸ਼, ਗੁਰੂ ਦੀਆਂ ਸਾਖੀਆਂ 'ਸਾਖੀ ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਜ਼ ਕਾ'
13. ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ, ਪੰਨੇ 88-90; James Burgess, The Chronology of Modern India, 1449-1894, p.119 (1913). William Irvine The Later Mughals, New Delhi, 2011, p. 79; J.D. Cunningham, History of Punjab, pp 61-62.
14. ਕੁਇਰ ਸਿੰਘ, ਗੁਰਬਿਲਾਸਪਾਤਸ਼ਾਹੀ ੧੦, ਪੰਨੇ 52-53, ਸੁਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 73, ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 4410-11, Max Arthur Macauliffe, The Sikh Religion: Its Gurus' sacred Writings and Author, p. 69
15. ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼, ਪਤਰਾ 18
16. ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼, ਪਤਰੇ 18-19
17. ਸੰਤ ਗੁਲਾਬ ਸਿੰਘ, ਬਪੁ ਤਿਆਗ ਤੇਗ਼ ਬਹਾਦਰ ਜੀ ਕਾ, ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ, ਪੰਨਾ 24
18. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, 19, 33
19. ਭਾਈ ਸੰਤੋਖ ਸਿੰਘ, ਸੂਰਜ ਪ੍ਰਕਾਸ਼ ਗ੍ਰੰਥ ਰਾਸਿ 11, ਅੰਮ੍ਰਿਤਸਰ
20. ਦਸਮ ਗ੍ਰੰਥ, ਬਚਿੱਤਰ ਨਾਟਕ


* * * * *